# ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ

District Employment Generation,
Skill Development & Training Office,
Mansa Ph. No. 01652-232315
Mob. 94641-78030

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ
ਅਤੇ ਸਿਖਲਾਈ ਦਫ਼ਤਰ, ਮਾਨਸਾ
(Email: degtmansa@gmail.com )

---

ਪੱਤਰ ਨੰ. ਸਕਿੱਲ ਸੈਲ/2021/ 1064 ਮਿਤੀ 21/06/2021

ਸੇਵਾ ਵਿਖੇ,

ਜ਼ਿਲ੍ਹਾ ਸਿੱਖਿਆ ਅਫ਼ਸਰ (ਸੀ.ਸੈ.)
ਮਾਨਸਾ।

ਵਿਸ਼ਾ: ਜਿਨ੍ਹਾਂ ਪ੍ਰਾਰਥੀਆਂ ਨੇ ਬਾਰਵੀਂ ਜਮਾਤ ਮੈਥ ਵਿਸ਼ੇ ਨਾਲ ਪਾਸ ਕੀਤੀ ਹੈ, ਉਨ੍ਹਾਂ ਦੀ ਨੱਥੀ ਲਿੰਕ ਉਪਰ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੁਆਰਾ ਆਈ.ਆਈ.ਟੀ. ਰੋਪੜ ਨਾਲ ਤਾਲਮੇਲ ਕਰਕੇ ਪੰਜਾਬ ਦੇ ਨੌਜਵਾਨਾਂ ਲਈ Artifical Intelligence and Data Science ਦਾ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਜ਼ਿਲ੍ਹਾ ਮਾਨਸਾ ਨੂੰ ਵੱਧ ਤੋਂ ਵੱਧ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਦਾ ਟੀਚਾ ਪ੍ਰਾਪਤ ਹੋਇਆ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਸਰਕਾਰੀ/ਪ੍ਰਾਈਵੇਟ ਸਕੂਲਾਂ ਵੱਲੋਂ ਜਿਨ੍ਹਾਂ ਪ੍ਰਾਰਥੀਆਂ ਨੇ 12ਵੀਂ ਜਮਾਤ ਮੈਥ ਵਿਸ਼ੇ ਨਾਲ ਪਾਸ ਕੀਤੀ ਹੈ ਉਨ੍ਹਾਂ ਪ੍ਰਾਰਥੀਆਂ ਦੀ ਨੱਥੀ ਲਿੰਕ ਉੱਪਰ ਰਜਿਸਟ੍ਰੇਸ਼ਨ ਕਰਵਾਈ ਜਾਵੇ ਅਤੇ ਇਹ ਲਿੰਕ ਸਾਰੇ ਸਰਕਾਰੀ/ਪ੍ਰਾਈਵੇਟ ਸਕੂਲਾਂ ਨਾਲ ਸਾਂਝਾ ਕੀਤਾ ਜਾਵੇ ਤਾਂ ਜੋ ਲੋੜਵੰਦ ਅਤੇ ਯੋਗ ਪ੍ਰਾਰਥੀ ਇਸ ਕੋਰਸ ਦਾ ਲਾਭ ਲੈ ਸਕਣ ਅਤੇ ਆਪਣਾ ਭਵਿੱਖ ਸਵਾਰ ਸਕਣ। ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 27-06-2021 ਹੈ। ਇਸ ਪੱਤਰ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਨੱਥੀ : ਰਜਿਸਟ੍ਰੇਸ਼ਨ ਲਿੰਕ

ਵਿਸ਼ਵਾਸਪਾਤਰ,

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ
ਅਤੇ ਸਿਖਲਾਈ ਅਫ਼ਸਰ ਮਾਨਸਾ

ਉਤਾਰਾ: ਪਿੱਠ ਅੰਕਣ ਨੰ. ਸਕਿੱਲ ਸੈਲ/2021/ 1065-1068 ਮਿਤੀ: 21/06/2021

1. ਡਾਇਰੈਕਟਰ, ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਜੀ ਨੂੰ ਸੂਚਨਾਂ ਹਿੱਤ।
2. ਪੀ.ਏ. ਟੂ ਡਿਪਟੀ ਕਮਿਸ਼ਨਰ, ਮਾਨਸਾ ਨੂੰ ਸੂਚਨਾ ਹਿੱਤ।
3. ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ(ਜ)-ਕਮ-ਮੁੱਖ ਕਾਰਜਕਾਰੀ ਅਫ਼ਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਨਸਾ ਨੂੰ ਸੂਚਨਾ ਹਿੱਤ।
4. ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਮਾਨਸਾ।

ਵਿਸ਼ਵਾਸਪਾਤਰ,

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ
ਅਤੇ ਸਿਖਲਾਈ ਅਫ਼ਸਰ ਮਾਨਸਾ

Scanned with CamScanner

Regarding A.I registration link - deose.mansa@punjabeducation.gov.in - Department of School Education - Punjab Mail

**Ghar Ghar Rozgar Mansa**

to me

4.11 PM (5 minutes ago)

ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੁਆਰਾ IIT ਰੋਪੜ ਨਾਲ ਮਿਲਕੇ ਪੰਜਾਬ ਦੇ ਨੌਜਵਾਨਾਂ ਲਈ Artificial Intelligence and Data Science ਦਾ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕੋਰਸ ਵਿੱਚ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰਾਂ ਨੂੰ ਆਨਲਾਇਨ Advanced Data Science Aptitude Test ਦੇਣਾ ਪਵੇਗਾ।

ਯੋਗਤਾ :- Minimum 10+2 with Mathematics/Pursuing or Compeleted Graduation with Mathematics in any Stream.

ਕੋਰਸ ਦਾ ਸਮਾਂ :- ਲੇਵਲ-2 – ਚਾਰ ਹਫਤੇ, ਲੇਵਲ-4 – 12 ਹਫਤੇ।

ਚਾਹਵਾਨ ਉਮੀਦਵਾਰ ਹੇਠ ਦਿੱਤੇ ਲਿੰਕ ਉੱਪਰ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

https://docs.google.com/forms/d/e/1FAIpQLSdcDkXP4SJ8s5B7UdwQA94dCU7psbiCBqisVj9NTUjsG93BXw/viewform?usp=sf_link

ਜਾਣਕਾਰੀ ਲਈ ਸੰਪਰਕ ਕਰੋ : - 94641-78030.

ਪਿੱਠ. ਜ਼ਿਲ੍ਹਾ ਸਿੱਖਿਆ ਅਫਸਰ ਸੈ ਸਿ ਮਾਨਸਾ

ਨੰ: ( ) 2024/19904 ਮਿਤੀ 22.06.2024

ਉਪਰੋਕਤ ਦਾ ਉਤਾਰਾ ਸਮੂਹ ਜਾਣਕਾਰੀ ਤੇ ਪ੍ਰਿੰਸੀਪਲ ਸਕੂਲ ਮੁਖੀਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

22/06/24

ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈ ਸਿ
ਮਾਨਸਾ

Scanned with CamScanner